ਸੂਚਨਾ 'ਤੇ ਜ਼ਿਲ੍ਹਾ ਲੋਕ ਸੰਪਰਕ ਦ.ਫ਼ਤਰ, ਫਾਜ਼ਿਲਕਾ

## ਸੋਮਵਾਰ, ਬੁੱਧਵਾਰ, ਸ਼ੁਕਰਵਾਰ ਸਵੇਰੇ 7 ਵਜੇ ਤੋਂ 12 ਵਜੇ ਤੱਕ ਕੀਤੀ ਜਾਵੇਗੀ ਸਬਜੀ/ਫਲ ਦੀ ਵਿਕਰੀ

### *ਵੱਖ-ਵੱਖ ਦਿਨਾਂ 'ਚ ਖੁੱਲ੍ਹਣਗੇ ਅਲੱਗ-ਅਲੱਗ ਬੈਂਕ ਤੇ ਏ.ਟੀ.ਐਮ.

***ਸਮੂਹ ਡਾਕ ਘਰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਖੁੱਲ੍ਹਣਗੇ**

*** ਆਮ ਜਨਤਾ ਨੂੰ ਘਰ-ਘਰ ਮੁਹੱਈਆ ਕਰਵਾਈਆਂ ਜਾਣਗੀਆਂ ਸੇਵਾਵਾਂ**

**ਫਾਜ਼ਿਲਕਾ, D ਅਪ੍ਰੈਲ**

ਜ਼ਿਲ੍ਹਾ ਮੈਜਿਸਟਰੇਟ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਜ਼ਿਲ੍ਹੇ ਅੰਦਰ ਤਾਲਾ ਬੰਦੀ ਅਤੇ ਕਰਫਿਊ ਦੌਰਾਨ ਆਮ ਜਨਤਾ ਨੂੰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਜ਼ਰੂਰੀ ਸੇਵਾਵਾਂ ਘਰ-ਘਰ ਮੁਹੱਈਆ ਕਰਵਾਉਣ ਲਈ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਸਬਜੀ/ਫਲ ਦੀ ਵਿਕਰੀ ਰੋਜ਼ਾਨਾ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਕੀਤੀ ਗਈ ਸੀ, ਪਰ ਹੁਣ ਸਬਜੀ/ਫਲ ਦੀ ਵਿਕਰੀ ਹਫਤੇ ਵਿੱਚ ਸੋਮਵਾਰ, ਬੁੱਧਵਾਰ, ਸ਼ੁਕਰਵਾਰ ਸਵੇਰੇ 7 ਵਜੇ ਤੋਂ 12 ਵਜੇ ਤੱਕ ਕੀਤੀ ਜਾਵੇਗੀ ਅਤੇ ਸਟੋਰੇਜ ਵੀ ਇਸੇ ਸਮੇਂ ਕੀਤੀ ਜਾਵੇਗੀ। ਸਕੱਤਰ ਮਾਰਕੀਟ ਕਮੇਟੀ ਇਹ ਕਾਰਵਾਈ ਯਕੀਨੀ ਬਣਾਉਣਗੇ।

ਉਨ੍ਹਾਂ ਕਿਹਾ ਕਿ ਕਰਿਆਣੇ ਦੀ ਵਿੱਕਰੀ ਰੋਜ਼ਾਨਾ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਕੀਤੀ ਗਈ ਸੀ, ਪਰ ਹੁਣ ਕਰਿਆਣੇ ਦੀ ਵਿਕਰੀ ਹਫਤੇ ਵਿਚ ਮੰਗਲਵਾਰ, ਵੀਰਵਾਰ, ਸ਼ਨੀਵਾਰ ਸਵੇਰੇ 10 ਵਜੇ ਤੋਂ 6 ਵਜੇ ਤੱਕ ਕੀਤੀ ਜਾਵੇਗੀ। ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਇਹ ਕਾਰਵਾਈ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੈਸ਼ਨਲ ਬੈਂਕ, ਓਰੀਐਂਟਲ ਬੈਂਕ ਆਫ ਕਾਮਰਸ, ਪੰਜਾਬ ਐਂਡ ਸਿੰਧ ਬੈਂਕ, ਕੈਨਰਾ ਬੈਂਕ, ਸਿੰਡੀਕੇਟ ਬੈਂਕ, ਫ਼ਾਜ਼ਿਲਕਾ ਕੋਆਪਰੇਟਿਵ ਬੈਂਕ, ਐਚ.ਡੀ.ਐਫ.ਸੀ. ਬੈਂਕ, ਐਕਸਿਸ ਬੈਂਕ, ਬੈਂਕ ਆਫ ਇੰਡੀਆ, ਸੈਂਟਰਲ ਬੈਂਕ ਆਫ ਇੰਡੀਆ, ਆਈ.ਸੀ.ਆਈ.ਸੀ.ਆਈ.ਬੈਂਕ, ਯੂਕੋ ਬੈਂਕ, ਪੰਜਾਬ ਐਗਰੀਕਲਚਰ ਵਿਕਾਸ ਬੈਂਕ, ਯੈਸ ਬੈਂਕ, ਏ.ਯੂ ਸਮਾਲ ਬੈਂਕ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਨੂੰ ਖੁੱਲ੍ਹੇ ਰਹਿਣਗੇ। ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਪੰਜਾਬ ਗ੍ਰਾਮੀਣ ਬੈਂਕ, ਸਟੇਟ ਬੈਂਕ ਆਫ ਇੰਡੀਆ, ਆਂਧਰਾ ਬੈਂਕ, ਯੂਨੀਅਨ ਬੈਂਕ ਆਫ ਇੰਡੀਆ, ਕਾਰਪੋਰੇਸ਼ਨ ਬੈਂਕ, ਬੈਂਕ ਆਫ ਬੜੌਦਾ, ਵਿਜੈ ਬੈਂਕ, ਅਲਾਹਬਾਦ ਬੈਂਕ, ਇੰਡੀਅਨ ਬੈਂਕ, ਬੈਂਕ ਆਫ ਮਹਾਰਾਸ਼ਟਰਾ, ਇੰਡੀਅਨ ਓਵਰਸੀਜ ਬੈਂਕ, ਆਈ.ਡੀ.ਬੀ.ਆਈ ਬੈਂਕ, ਕੋਟਕ ਮਹਿੰਦਰਾ ਬੈਂਕ, ਇੰਡਸਿੰਡ ਬੈਂਕ, ਉਜੀਵਨ ਸਮਾਲ ਫ਼ਾਇਨੈਂਸ ਬੈਂਕ ਖੁੱਲ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਇਹ ਸਮੂਹ ਬੈਂਕ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਖੁਲੱਣਗੇ।

ਇਸ ਤੋਂ ਇਲਾਵਾ ਉਕਤ ਬੈਂਕਾਂ ਦੇ ਏ.ਟੀ.ਐਮਜ ਵੀ ਉਪਰੋਕਤ ਦਿਨਾਂ ਵਿੱਚ ਹੀ ਖੁੱਲਿਆ ਕਰਨਗੇ, ਜਿਸ ਬਰਾਂਚ ਦੇ ਨਾਲ ਏ.ਟੀ.ਐਮ. ਸਮੇਤ ਗਾਰਡ ਦੀ ਸੁਵਿਧਾ ਹੈ, ਉਥੇ ਏ.ਟੀ.ਐਮ. ਸਵੇਰੇ 10 ਤੋਂ ਸ਼ਾਮ 6 ਵਜੇ ਤੱਕ ਅਤੇ ਬਾਂਕੀ ਬਰਾਂਚਾ ਜਿਥੇ ਗਾਰਡ ਦੀ ਸੁਵਿਧਾ ਨਹੀਂ, ਉਹ ਏ.ਟੀ.ਐਮਜ ਸਵੇਰੇ 10 ਤੋਂ ਬਾਅਦ ਦੁਪਹਿਰ 2 ਵਜੇ ਤੱਕ ਖੁੱਲ੍ਹੇ ਰਹਿਣਗੇ। ਬਿਜਨਸ ਕੋਰਸਪੋਡੈਂਟਸ ਅਤੇ ਗ੍ਰਾਹਕ ਸੇਵਾ ਕੇਂਦਰ ਸਵਰੇ 8 ਵਜੇ ਤੋਂ ਰਾਤ 8 ਵਜੇ ਤੱਕ ਪਹਿਲਾਂ ਦੀ ਤਰ੍ਹਾਂ ਆਪਣਾ ਕੰਮ ਕਰਨਗੇ। ਜ਼ਿਲ੍ਹਾ ਫਾਜ਼ਿਲਕਾ ਦੇ ਸਾਰੇ ਬੈਂਕ ਅਤੇ ਏ.ਟੀ.ਐਮਜ ਵਿਚ ਲੋੜੀਂਦੀ ਸੁੱਰਖਿਆ ਪੁਲਿਸ ਵਿਭਾਗ ਵੱਲੋਂ ਮੁਹੱਈਆ ਕਰਵਾਈ ਜਾਵੇਗੀ। ਲੀਡ ਬੈਂਕ ਮੈਨੇਜਰ ਫ਼ਾਜ਼ਿਲਕਾ ਇਹ ਕਾਰਵਾਈ ਯਕੀਨੀ ਬਣਾਉਣਗੇ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫ਼ਾਜ਼ਿਲਕਾ ਵਿੱਚ ਸਥਾਪਿਤ ਸਮੂਹ ਡਾਕ ਘਰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਖੁੱਲ੍ਹੇ ਰਹਿਣਗੇ। ਡਾਕਘਰ ਦੇ ਏਜੰਟ, ਡਾਕ ਘਰ ਦੀਆਂ ਸੇਵਾਵਾਂ ਆਮ ਜਨਤਾ ਨੂੰ ਘਰ-ਘਰ ਮੁਹੱਈਆ ਕਰਵਾਉਣਾ ਯਕੀਨੀ ਬਣਾਉਣਗੇ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ।

**ਸੂਚਨਾ 'ਤੇ ਜ਼ਿਲ੍ਹਾ ਲੋਕ ਸੰਪਰਕ ਦ.ਫ਼ਤਰ, ਫਾਜ਼ਿਲਕਾ**

## ਆਂਗਨਵਾੜੀ ਵਰਕਰ ਛੇ ਮਹੀਨੇ ਤੋਂ ਛੇ ਸਾਲ ਦੇ ਉਮਰ ਦੇ ਬੱਚਿਆਂ, ਗਰਭਵਤੀ ਔਰਤਾਂ ਦੀ ਖੁਰਾਕ ਘਰਾਂ ਤੱਕ ਪਹੁੰਚਾਉਣ ਲਈ ਨਿਭਾ ਰਹੀਆਂ ਨੇ ਅਹਿਮ ਭੂਮਿਕਾ

ਫ਼ਾਜ਼ਿਲਕਾ, 4 ਅਪ੍ਰੈਲ:

ਭਾਂਵੇ ਕੋਰੋਨਾ ਵਾਇਰਸ ਤ ਬਚਾਅ ਲਈ ਸਬ ਭਰ ਵਿਚ ਲਗਾਏ ਗਏ ਕਰਫਿਓ ਦਰਾਨ ਸਾਰਾ ਜਨ-ਜੀਵਨ ਰਕਿਆ ਹਇਆ ਹ, ਪਰ ਪੰਜਾਬ ਸਰਕਾਰ ਵਲ ਲਕਾਂ ਨੂੰ ਸਾਰੀਆਂ ਜ਼ਰਰਤ ਦੀਆਂ ਵਸਤਾਂ ਓਨਾਂ ਦੇ ਘਰ ਤਕ ਪਹੁਚਾਈਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲ ਚਲਾਏ ਜਾ ਰਹੇ ਆਂਗਨਵਾੜੀ ਕਦਰਾਂ ਵਿਚ ਪੜ੍ਹਦੇ ਬੱਚਿਆਂ ਨੂੰ ਓਨਾਂ ਦੀ ਖਰਾਕ ਆਂਗਨਵਾੜੀ ਵਰਕਰਾਂ ਦੇ ਰਾਹੀਂ

ਘਰ-ਘਰ ਵਡੋ ਜਾ ਰਹੀ ਹ। ਇਸ ਤਂ ਇਲਾਵਾ ਗਰਭਵਤੀ ਮਹਿਲਾਵਾਂ ਅਤੇ ਦੁੱਧ ਪਿਲਾਓ ਮਾਵਾਂ ਨੂੰ ਵੀ ਓਨਾਂ ਦੀ ਖਰਾਕ ਘਰ ਤਕ ਪਹੁਚਾਈ ਜਾ ਰਹੀ ਹ।

ਬਾਲ ਵਿਕਾਸ ਪ੍ਰੋਜੈਕਟ ਅਫਸਰ ਗੁਰਜੀਤ ਕੌਰ ਨ ਦਸਿਆ ਕਿ ਸਾਰ ਆਂਗਨਵਾੜੀ ਕਂਦਰਾਂ ਵਿਚ ਛੇ ਮਹੀਨੇ ਤੋਂ ਛੇ ਸਾਲ ਤੱਕ ਦੇ ਉਮਰ ਦੇ ਬੱਚਿਆਂ, ਗਰਭਵਤੀ ਮਹਿਲਾਵਾਂ ਅਤੇ ਦੁੱਧ ਪਿਲਾਓ ਮਾਵਾਂ ਦੀ ਖਰਾਕ ਭਜ ਦਿਤੀ ਗਈ ਹ। ਓਨਾਂ ਕਿਹਾ ਕਿ ਆਂਗਨਵਾੜੀ ਵਰਕਰਾਂ ਵਲਂ ਇਸ ਖਰਾਕ ਦੀ ਵਡ ਕੀਤੀ ਜਾ ਰਹੀ ਹ। ਵੰਡ ਦੌਰਾਨ ਕੋਰੋਨਾ ਵਾਇਰਸ ਜਿਹੀ  ਭਿਆਨਕ ਬਿਮਾਰੀ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹ। ਓਨਾਂ ਕਿਹਾ ਕਿ ਹਰ ਕਿਸ ਨੂੰ ਆਪਣ ਘਰ ਹੀ ਰਹਿਣਾ ਚਾਹੀਦਾ ਹ ਅਤੇ ਸਮਾਜਿਕ ਦੂਰੀ ਬਣਾਏ ਰੱਖਣੀ ਚਾਹੀਦੀ ਹੈ, ਇਸ ਉਪਾਅ ਨਾਲ ਅਸੀਂ ਕੋਰੋਨਾ ਵਾਇਰਸ ਤਂ ਬਚ ਸਕਦੇ ਹਾਂ।

ਸੂਚਨਾ ’ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

**ਬਲਾਕ ਫਾਜ਼ਿਲਕਾ ਵਿਚ ਵੱਸੇ ਮੁਸਲਮਾਨ ਭਾਈਚਾਰੇ ਦਾ ਸਿਹਤ ਵਿਭਾਗ ਦੀ ਟੀਮ ਨੇ ਕੀਤਾ ਚੈਕਅਪ - ਸਿਵਲ ਸਰਜਨ**

*** ਕੋਰੋਨਾ ਵਾਇਰਸ ਤੋਂ ਬੱਚਣ ਲਈ ਸੋਸ਼ਲ ਡਿਸਟੈਂਸਟਿੰਗ ਅਤੇ ਸਾਫ਼ ਸਫ਼ਾਈ ਦਾ ਧਿਆਨ ਰੱਖਿਆ ਜਾਵੇ**

ਫ਼ਾਜ਼ਿਲਕਾ, 4 ਅਪ੍ਰੈਲ:

ਸਿਵਲ ਸਰਜਨ ਫਾਜ਼ਿਲਕਾ ਡਾ ਸੁਰਿੰਦਰ ਸਿੰਘ ਨੇ ਸਿਹਤ ਵਿਭਾਗ ਦੀ ਟੀਮ ਸਮੇਤ ਪਿੰਡ ਰਾਮ ਪੁਰਾ, ਚੁਆੜੀਆਂ ਵਾਲੀ ਤੇ ਫਾਜ਼ਿਲਕਾ ਵਿਚ ਵੱਸੇ ਮੁਸਲਮਾਨ ਭਾਈਚਾਰੇ ਨਾਲ ਮਿਲ ਕੇ ਉਨ੍ਹਾਂ ਦੇ ਪਿਛਲੇ ਦਿਨਾਂ ਦੀ ਟਰੈਵਲ ਹਿਸਟਰੀ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਮੁਸਲਮਾਨ ਭਾਈਚਾਰੇ ਦਾ ਤਬਲਿਗੀ ਮਰਕਜ਼ ਜਮਾਤ ਨਾਲ ਕੋਈ ਸਬੰਧ ਨਹੀਂ ਹੈ ਤੇ ਨਾ ਹੀ ਉਨ੍ਹਾਂ ਦਾ ਕੋਈ ਰਿਸ਼ਤੇਦਾਰ ਪਿਛਲੇ 15 ਦਿਨਾ ਤੋਂ ਬਾਹਰ ਗਿਆ ਹੈ ਤੇ ਨਾ ਹੀ ਬਾਹਰੋਂ ਆਇਆ ਹੈ।

ਸਿਹਤ ਵਿਭਾਗ ਦੀ ਟੀਮ ਵੱਲੋਂ ਮੁਸਲਮਾਨਾਂ ਦਾ ਚੈਕਅਪ ਕੀਤਾ ਗਿਆ ਹੈ ਜਿਸ ਤੇ ਤਸਲੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਕਈ ਵੀ ਵਿਅਕਤੀ ਕੋਰੋਨਾ ਦੇ ਲਛਣ ਜਾਂ ਨਿਸ਼ਾਨੀਆਂ ਵਾਲਾ ਨਹੀਂ ਹੈ ਅਤੇ ਸਾਰੇ ਵਿਅਕਤੀ ਤੰਦਰੁਸਤ ਸਨ। ਉਨ੍ਹਾਂ ਮੁਸਲਮਾਨ ਭਾਈਚਾਰੇ ਨੂੰ ਕੋਰੋਨਾਂ ਦੇ ਲੱਛਣਾ ਤੇ ਬਚਾਆਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਜ ਕਿਸੇ ਨੂੰ ਖਾਂਸੀ, ਜ਼ੁਕਾਮ ਤੇ ਬੁਖਾਰ ਆਦਿ ਹੋਵੇ ਤਾਂ ਤੁਰੰਤ ਸਰਕਾਰੀ ਹਸਪਤਾਲ ਵਿੱਚ ਜਾ ਕੇ ਅਪਣਾ ਪੂਰਾ ਚੈਕਅਪ ਕਰਵਾ ਕੇ ਇਲਾਜ਼ ਕਰਵਾਇਆ ਜਾ ਸਕਦਾ ਹੈ।

ਜ਼ਿਲਾ ਮਾਸ ਮੀਡੀਆ ਅਫਸਰ ਅਨਿਲ ਧਾਮੂ ਨੇ ਕਿਹਾ ਕਿ ਕੋਰੋਨਾ ਵਾਇਰਸ ਤੋਂ ਬੱਚਣ ਲਈ ਸੋਸ਼ਲ ਡਿਸਟੈਂਸਟਿੰਗ ਅਤੇ ਸਾਫ਼ ਸਫ਼ਾਈ ਦਾ ਧਿਆਨ ਰਖਿਆ ਜਾਵੇ। ਇਸ ਮੌਕੇ ਡਾ ਸੁਨੀਤਾ, ਸੁਰਿੰਦਰ ਕੁਮਾਰ, ਮਨਜੀਤ, ਜਤਿੰਦਰ ਸਾਮਾ ਅਤੇ ਹੋਰ ਕਰਮਚਾਰੀ ਮੌਜੂਦ ਸਨ।

ਸੂਚਨਾ ’ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

**ਬਲਾਕ ਖੂਈਆਂ ਸਰਵਰ ਦੇ ਪਿੰਡਾਂ ਵਿੱਚ ਕਰਿਆਨੇ ਦੀ ਦੁਕਾਨਾਂ, ਬੈਂਕਾਂ, ਮੈਡੀਕਲ ਸਟੋਰਾਂ,**

**ਡੇਅਰੀਆਂ ਵਿੱਚ ਸਮਾਜਿਕ ਦੂਰੀ ਬਣਾਏ ਰੱਖਣ ਲਈ ਸਰਕਲ ਲਗਾਏ**

*** ਬਲਾਕ ਦੇ 58 ਪਿੰਡਾਂ ਵਿੱਚ ਸੋਡੀਅਮ ਹਾਈਪੋਕਲੋਰਾਈਡ ਦਾ ਛਿੜਕਾਅ ਕੀਤਾ**

ਫ਼ਾਜ਼ਿਲਕਾ, 4 ਅਪ੍ਰੈਲ:

ਪੰਜਾਬ ਸਰਕਾਰ ਵੱਲੋਂ ਕੋਵਿਡ 19 ਨਾਮ ਦੀ ਭਿਆਨਕ ਮਹਾਂਮਾਰੀ ਦੇ ਚੱਲਦੇ ਹੋਏ ਲੋਕਾਂ ਨੂੰ ਬਿਮਾਰੀ ਤੋਂ ਬਚਾਉਣ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਸ੍ਰੀਮਤੀ ਸੀਮਾ ਜੈਨ, ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਡੀ.ਪੀ.ਐਸ ਖਰਬੰਦਾ ਅਤੇ ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਅਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਫ਼ਾਜ਼ਿਲਕਾ ਸ੍ਰੀ ਸੁਖਪਾਲ ਸਿੰਘ ਦੀਆਂ ਹਦਾਇਤਾਂ ’ਤੇ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਜ਼ਿਲ੍ਹੇ ਅੰਦਰ ਯੋਗ ਉਪਰਾਲੇ ਕੀਤੇ ਜਾ ਰਹੇ ਹਨ।

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਖੂਈਆਂ ਸਰਵਰ ਵਰਿੰਦਰ ਕੁਮਾਰ ਦੀ ਅਗਵਾਈ ਹੇਠ ਪਿੰਡਾਂ ਵਿੱਚ ਕਰਿਆਨੇ ਦੀ ਦੁਕਾਨਾਂ, ਬੈਂਕਾਂ, ਮੈਡੀਕਲ ਸਟੋਰਾਂ, ਡੇਅਰੀਆਂ ਆਦਿ ਵੱਖ-ਵੱਖ ਪਿੰਡਾਂ ਵਿੱਚ ਸਰਕਲ ਲਗਾਏ ਗਏ। ਉਨ੍ਹਾਂ ਦੱਸਿਆ ਕਿ ਲੋਕਾਂ ਵਿਚਕਾਰ ਸਮਾਜਿਕ ਦੂਰੀ ਕਾਇਮ ਰੱਖਣ ਲਈ ਇਹ ਸਰਕਲ ਲਗਾਏ ਗਏ ਹਨ ਤਾਂ ਜੋ ਵਾਇਰਸ ਤੋਂ ਬਚਾਅ ਹੋ ਸਕੇ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਪਿੰਡਾਂ ਅੰਦਰ ਸਾਫ਼-ਸਫ਼ਾਈ ਦਾ ਧਿਆਨ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਲਾਕ ਦੇ 58 ਪਿੰਡਾਂ ਵਿੱਚ ਸੋਡੀਅਮ ਹਾਈਪੋਕਲੋਰਾਈਡ ਦਾ ਛਿੜਕਾਅ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਿੰਡ ਦੇ ਸਮਾਜ ਸੇਵਕਾਂ ਵੱਲੋਂ ਗਰੀਬ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ।